*ਜੇਕਰ ਫੈਡਰਲ ਪ੍ਰਵਾਸ ਅਤੇ ਪਨਾਹ ਦਫਤਰ (**Bundesamt für Migration und Flüchtlinge**) ਵੱਲੋਂ ਤੁਹਾਨੂੰ ਭੇਜੇ ਜਾਂ ਹੱਥ ਵਿਚ ਫੜਾਏ ਗਏ ਫੈਸਲੇ ਵਿਚ ਡਿਪੋਰਟ ਕਰਨ ਦੀ ਧਮਕੀ (**Abschiebungsandrohung**) ਜਾਂ ਡਿਪੋਰਟ ਕਰਨ ਦਾ ਹੁਕਮ (**Abschiebungsanordnung**) ਸੁਣਾਇਆ ਗਿਆ ਹੈ ਤਾਂ ਹੇਠ ਲਿਖੇ ਨਿਰਦੇਸ਼ਾਂ ਉਪਰ ਧਿਆਨ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ:-*

## ਵਿਜਾ-ਕਾਨੂੰਨ ((AufenthG) ਅਨੁਸਾਰ ਜਰੂਰੀ ਸੂਚਨਾਵਾਂ

### ਵਿਜਾ-ਕਾਨੂੰਨ ((AufenthG) ਦੀ ਧਾਰਾ § 60a ਪਹਿਰਾ 2d ਅਨੁਸਾਰ ਹਦਾਇਤ

ਜੇਕਰ ਤੁਹਾਨੂੰ ਕੋਈ ਬਿਮਾਰੀ ਹੈ ਜੋ ਤੁਹਾਨੂੰ ਡਿਪੋਰਟ (Abschiebung) ਕਰਨ ਵਿਚ ਰੁਕਾਵਟ ਬਣ ਸਕਦੀ ਹੈ ਤਾਂ ਤੁਹਾਨੂੰ ਇਸ ਦਾ ਕੋਈ ਮੈਡੀਕਲ ਸਰਟੀਫਿਕੇਟ (ärztliche Bescheinigung) ਦਿਖਾ ਕੇ ਸਬੂਤ ਦੇਣਾ ਪਵੇਗਾ । ਤੁਸੀਂ ਇਹ ਮੇਡੀਕਲ ਸਰਟੀਫਿਕੇਟ ਤੁਹਾਡੇ ਸਬੰਧਤ ਇੰਮੀਗ੍ਰੇਸ਼ਨ-ਅਧਿਕਾਰੀ (Ausländerbehörde) ਨੂੰ ਦੇਰੀ ਬਗੈਰ ਪੇਸ਼ ਕਰਨ ਲਈ ਪਾਬੰਧ ਹੋ ।ਇਸ „ਦੇਰੀ ਬਗੈਰ“ ਵਿਸ਼ੇਸ਼ਤਾ ਦੀ ਪਾਲਣਾ ਕਰਨ ਲਈ ਮੈਡੀਕਲ ਸਰਟੀਫਿਕੇਟ ਉਪਰ ਲਿਖੀ ਤਰੀਕ ਨਿ-ਰਣਾਇਕ ਹੋਵੇਗੀ । ਜੇਕਰ ਅਜਿਹੇ ਮੈਡੀਕਲ ਸਰਟੀਫਿਕੇਟ ਜਾਰੀ ਕੀਤੇ ਗਏ ਹੋਣ ਜੋ ਤੁਹਾਡੇ ਨਬਾਲਗ ਬੱਚੇ/ਬੱਚਿਆਂ ਨੂੰ ਡਿ-ਪੋਰਟ (Abschiebung) ਕਰਨ ਵਿਚ ਰੁਕਾਵਟ ਬਣ ਸਕਦੇ ਹੋਣੇ ਤਾਂ ਤੁਸੀਂ ਇਹ ਵੀ ਪੇਸ਼ ਕਰਨੇ ਹੋਣਗੇ ।
ਜੇਕਰ ਤੁਸੀਂ ਇਹ ਮੈਡੀਕਲ ਸਰਟੀਫਿਕੇਟ ਪੇਸ਼ ਨਾ ਕੀਤਾ ਜਾਂ ਦੇਰ ਬਾਅਦ ਪੇਸ਼ ਕੀਤਾ ਤਾਂ ਡਿਪੋਰਟ ਕਰਨ ਸਮੇਂ ਇਸ ਮੈਡੀਕਲ ਸਰਟੀਫਿਕੇਟ ਰਾਹੀਂ ਪਤਾ ਲੱਗੇ ਰੋਗ-ਨਤੀਜੇ ਤੇ ਵਿਚਾਰ ਨਹੀਂ ਕੀਤਾ ਜਾਵੇਗਾ । ਡਿਪੋਰਟ ਕਰਨ ਸਮੇਂ ਤੁਹਾਡੀ ਅਜਿਹੀ ਦਲੀਲ ਕਿ ਤੁਸੀਂ ਜਾਂ ਤੁਹਾਡੇ ਕੋਈ ਨਬਾਲਕ ਬੱਚਾ ਬਿਮਾਰ ਹੈ ਅਣਸੁਣੀ ਕਰ ਦਿੱਤੀ ਜਾਵੇਗੀ । ਇਹ ਤਦ ਵੀ ਲਾਗੂ ਹੋਵੇਗਾ ਜੇਕਰ ਤੁਸੀਂ ਸਰਟੀਫਿਕੇਟ ਤਾਂ ਬਗੈਰ ਕਿਸੇ ਦੇਰੀ ਪੇਸ਼ ਕਰ ਦਿੱਤਾ ਹੋਵੇ ਪਰ ਇਹ ਕਾਨੂੰਨੀ ਸ਼ਰਤਾਂ ਪੂਰੀਆਂ ਨਾ ਕਰਦਾ ਹੋਵੇ ।

ਜੇਕਰ ਤੁਹਾਡੇ ਸਬੰਧਤ ਇੰਮੀਗ੍ਰੇਸ਼ਨ-ਅਧਿਕਾਰੀ (Ausländerbehörde) ਨੂੰ ਸਰਟੀਫਿਕੇਟ ਵਿਚ ਦੱਸੀ ਬਿਮਾਰੀ ਬਾਰੇ ਸ਼ੱਕ ਹੋਵੇ ਤਾਂ ਉਹ ਡਾਕਟਰੀ-ਮੁਆਇਨਾ ਜਾਂ ਸਰਕਾਰੀਡਾਕਟਰ-ਮੁਆਇਨਾ ਕਰਣ ਦਾ ਆਦੇਸ਼ ਦੇ ਸਕਦਾ ਹੈ । ਜੇਕਰ ਤੁਸੀਂ ਕਿਸ ਢੁਕਦੀ ਵਜਾਹ ਬਗੈਰ ਇਸ ਆਦੇਸ਼ ਦਾ ਪਾਲਣ ਨਾ ਕੀਤਾ ਤਾਂ ਸਬੰਧਤ ਅਧਿਕਾਰੀ ਨੂੰ ਡਿਪੋਰਟ ਕਰਨ ਸਮੇਂ ਦੱਸੀ ਗਈ ਬਿਮਾਰੀ ਨੂੰ ਬੇਧਿਆਨ ਕਰਨ ਦਾ ਹੱਕ ਹੋਵੇਗਾ ।

### ਵਿਜਾ-ਕਾਨੂੰਨ ((AufenthG) ਦੀ ਧਾਰਾ § 50 ਪਹਿਰਾ 4 ਅਨੁਸਾਰ ਹਦਾਇਤ

ਇਹ ਦੇਸ਼ ਛੱਡ ਕੇ ਜਾਣ ਦੇ ਫਰਜ ਵਜੋਂ ਵਿਜਾ-ਕਾਨੂੰਨ (AufenthG) ਦੀ ਧਾਰਾ § 50 ਪਹਿਰਾ 4 ਅਨੁਸਾਰ ਤੁਹਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਹਰੇਕ ਮਕਾਨ ਬਦਲੀ ਸਮੇਂ ਅਤੇ ਤਿੰਨ ਦਿਨ ਤੋਂ ਵੱਧ ਸਮੇਂ ਵਾਸਤੇ ਇੰਮੀਗ੍ਰੇਸ਼ਨ-ਅਧਿਕਾਰੀ (Ausländer-behörde) ਦਾ ਏਰੀਆ ਛੱਡਣ ਸਮੇਂ ਪਹਿਲਾਂ ਸਬੰਧਤ ਇੰਮੀਗ੍ਰੇਸ਼ਨ-ਅਧਿਕਾਰੀ (Ausländerbehörde) ਨੂੰ ਇਸ ਬਾਰੇ ਜਾਣੂ ਕਰਵਾਇਆ ਜਾਵੇ । ਜੇਕਰ ਤੁਸੀਂ ਇਸ ਫਰਜ ਦੀ ਉਲੰਘਣਾ ਕੀਤੀ ਤਾਂ ਤੁਹਾਨੂੰ ਡਿਪੋਰਟ ਕਰਨ ਲਈ ਜੇਲ (Ab-schiebungshaft) ਵਿਚ ਲੈ ਲਿਆ ਜਾਵੇਗਾ (ਵਿਜਾ-ਕਾਨੂੰਨ AufenthG ਦੀ ਧਾਰਾ § 62 ਪਹਿਰਾ 3 ਨੰਬਰ 2)

==========================================================